੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸਭ ਹੱਕ ਰਾਖਵੇਂ ਹਨ।

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ
ਨੰਬਰ ੧੪੧

G. 816
24422

# ਗਿਆਨ ਮਾਰਗ

—ਲੇਖਕ—
ਸ੍ਰੀ ਮਾਨ
ਸੰਤ ਸੰਪੂਰਣ ਸਿੰਘ ਜੀ
M. Sc. Ph. D. O.

DYAL SINGH
LAHORE
LIBRARY.

ਪ੍ਰਕਾਸ਼ਕ !
ਭਾਈ ਲਾਭ ਸਿੰਘ ਐਂਡ ਸਨਜ਼
ਪੁਸਤਕਾਂ ਵਾਲੇ
ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ

ਕੇਵਲ (ਟੈਟਲ) ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿੱਚ ਸ: ਪ੍ਰੀਤਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਜਾ।

ਮੋਖ ।।=) ਦਸ ਆਨੇ।

# ਆਤਮਕ ਭੋਜਨ

ਜਿਸਤਰਾਂ ਸ੍ਰੀਰ ਵਾਸਤੇ ਸ੍ਰੀਰਕ ਭੋਜਨ ਅੰਨ ਜਲ ਆਦਿ ਦੀ ਲੋੜ ਅਤੇ ਮਨ ਦੀ ਉੱਨਤੀ ਵਾਸਤੇ ਮਾਨਸਕ, ਜੀ ਪ੍ਰਚਾਵੇ ਤੇ ਪ੍ਰਸੰਨਤਾ ਦੇ ਸਾਧਨ ਰੂਪ ਦੀ ਵੱਡੀ ਲੋੜ ਹੁੰਦੀ ਹੈ, ਇਸੇ ਤਰਾਂ ਹੀ ਆਤਮਕ ਉੱਨਤੀ ਵਾਸਤੇ ਆਤਮਕ ਭੋਜਨ ਅਰਥਾਤ ਸਤਸੰਗ ਤੇ ਸਤਸੰਗ ਰੂਪ ਉੱਤਮ ਪੁਸਤਕਾਂ ਆਦਿ ਪੜ੍ਹਨ ਸੁਣਨ ਦੀ ਵੱਡੀ ਲੋੜ ਹੁੰਦੀ ਹੈ ! ਜਿਸਤਰਾਂ ਸ੍ਰੀਰਕ ਭੋਜਨ ਬਿਨਾਂ ਸਰੀਰ ਰੋਗੀ ਹੋਕੇ ਨਕਾਰਾ ਹੋ ਜਾਂਦਾ ਹੈ, ਏਸੇ ਤਰਾਂ ਮਾਨਸਕ ਭੋਜਨ ਬਿਨਾਂ ਮਨ ਅਤੇ ਆਤਮਕ ਭੋਜਨ ਬਿਨਾਂ ਆਤਮਾ ਮੁਰਝਾਕੇ ਮਲੀਨ ਹੋ ਜਾਂਦਾ ਹੈ। ਇਸਤੇ ਸ੍ਰੀਰਕ ਭੋਜਨ ਦੀ ਤਰਾਂ ਹੀ ਮਾਨਸਕ ਅਤੇ ਆਤ-ਮਕ ਭੋਜਨ ਦਾ ਵਿਚਾਰ ਰੱਖਣਾ ਜਰੂਰੀ ਹੈ। ਆਤਮਕ ਭੋਜਨ ਵਾਸਤੇ ਮਹਾਤਮਾ ਭੀ ਅੱਜ ਕੱਲ ਵਿਰਲੇ ਹੀ ਲਭਦੇ ਹਨ ਜਿਨ੍ਹਾਂ ਦਾ ਸਤਸੰਗ ਕਰਕੇ ਤ੍ਰਿਪਤੀ ਪ੍ਰਾਪਤ ਹੋਵੇ। ਇਸਤੇ ਸਮੇਂ ਅਨੁਸਾਰ ਉੱਤਮ ਸਤਸੰਗ ਅਰਥਾਤ ਆਤਮਕ ਭੋਜਨ ਵਾਸਤੇ **ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਤਰਨ ਤਾਰਨ (ਪੰਜਾਬ)** ਦੀਆਂ ਪੁਸਤਕਾਂ ਅਤੀ ਉੱਤਮ ਹਨ ! ਏਸੇ ਤਰਾਂ ਮਨ ਦੀ ਪ੍ਰਸੰਨਤਾ ਵਾਸਤੇ ਹਰ ਇੱਕ ਦੇ ਪੜ੍ਹਨ ਸੁਣਨ, ਪ੍ਰਚਾਰ ਕਰਨ ਯੋਗ ਹਨ ! ਸੂਚੀ ਪੱਤ੍ਰ ਜਾਂ ਪੁਸਤਕਾਂ ਮੰਗਵਾਨ ਦਾ ਪਤਾ ਏਹ ਹੈ:-

**ਭਾਈ ਲਾਭ ਸਿੰਘ ਐਂਡ ਸਨਜ਼ ਪੁਸਤਕਾਂ ਵਾਲੇ**

ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

ਸਭ ਹੱਕ ਰਾਖਵੇਂ ਹਨ।

ਸਰੀਰਹੁ ਭਾਲਨਿ ਕੋ ਬਾਹਰ ਜਾਇ
ਨਾਮੁ ਨ ਲਹੈ ਵੇਗਾਰਿ ਦੁਖ ਪਾਇ॥

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੧੪੧

# ਗ੍ਯਾਨ ਮਾਰਗ

ਜਿਸ ਵਿਚ:

ਸਰੀਰ ਦੇ ਗ੍ਯਾਨ ਇੰਦ੍ਰਜ ਅੱਖਾਂ, ਕੰਨ, ਨੱਕ, ਰਸਨਾਂ, ਆਦਿ ਸੰਬੰਧੀ ਪੂਰਣ ਗ੍ਯਾਨ ਅਰ ਏਹ ਇੰਦ੍ਰਜ ਸਰੀਰ ਸੰਬੰਧੀ ਲੋੜਾਂ ਦੇ ਬਾਹਜ ਸੇਵਾਦਾਰ, ਬੁੱਧੀ ਸੁਧਾਰ ਦੇ ਅੰਤ੍ਰੀਵੀ ਮੰਤ੍ਰੀ, ਸੁੰਦ੍ਰਤਾ ਕਸੁੰਦ੍ਰਤਾ ਦੇ ਸਹਾਈ ਹਨ, ਦਸਯਾ ਹੈ॥

ਲੇਖਕ

**ਸ੍ਰੀ ਮਾਨ ਸੰਤ ਸੰਪੂਰਣ ਸਿੰਘ ਜੀ,**

M. SC. O. PH. D.

L SIN... LAHORE

ਪ੍ਰਕਾਸ਼ਕ

**ਭਾਈ ਮੋਹਨ ਸਿੰਘ ਵੈਦ**

ਮਿਉਨਿਸਿਪਲ ਕਮਿਸ਼ਨਰ

ਤਰਨ ਤਾਰਨ (ਪੰਜਾਬ)

ਪਹਿਲੀ ਵਾਰ ਭੇਟਾ ਦਸ ਆਨੇ

21384

੧ ਓ ਸਤਿਗੁਰਪ੍ਰਸਾਦਿ ॥

# ਪ੍ਰਸਤਾਵਨਾ

"ਸਰੀਰਹੁ ਭਾਲਨਿ ਕੋ ਬਾਹਰ ਜਾਇ ॥
ਨਾਮੁ ਨ ਲਹੈ ਵੇਗਾਰਿ ਦੁਖ ਪਾਇ ॥"

ਕਰਤਾਰ ਨੇ ਜੀਵ ਨੂੰ ਸੰਸਾਰ ਵਿਖੇ ਲਾਹਾ ਲੈ ਵਾਸਤੇ, ਸੱਚਾ ਸੌਦਾ ਖ੍ਰੀਦਨ ਲਈ ਭੇਜਿਆ ਹੈ। ਤੇ "ਲਾ ਹਰਿਨਾਮੁ ਅਖੁਟ ਹੈ" ਹਰੀ ਦਾ ਨਾਮੁ ਹੀ ਨਾ ਨਿਖੁਟ ਵਾਲਾ ਲਾਹਾ ਹੈ ਅਰ "ਐਸੀ ਵਸਤੁ ਵਿਸਾਹੀਐ ਜੋ ਨਿਬਹੈ ਨਾਲ" ਨਾਲ ਨਿਭਨ ਵਾਲੀ ਵਸਤੂ ਸੱਚਾ ਸੌ ਨਾਮੁ ਹੀ ਹੈ ਜਿਸਨੂੰ ਅਸਾਂ ਵਿਹਾਝਨਾਂ ਹੈ।ਜਿਹਾ ਕਿ ਆਖਜਾ ਗੁਰੂ ਬਾਬੇ "ਅਵਰੁ ਕਾਜ ਤੇਰੈ ਕਿਤੈ ਨ ਕਾਮੁ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ ॥" ਪਰ ਨਾਮ ਪ੍ਰਾਪਤੀ ਸਰੀਰ ਦੇ ਹੀ ਅੰਦਰ ਹੁੰਦੀ ਹੈ ਕਜੋਂਕਿ "ਇਹੁ ਤ ਹਟੜੀ ਮਨੁ ਵਣਜਾਰਾ।" ਹੈ ॥ ਸਰੀਰ ਦੀ ਭਾਲ ਕੀਤਿਆਂ ਇਹ ਪਤਾ ਲਗਦਾ ਹੈ ਕਿ ਨਾਮੁ ਕੀਹ ਵਸਤੂ ਆਮ ਲੋਕਾਂ ਦੇ ਖਯਾਲ ਮੂਜਬ ਜੋ ਨਾਉਂ ਸਰੀਰ ਦਾ ਹੈ ਹੈ, ਜੇਕਰ ਅੰਗ ਪ੍ਰਤਯੰਗ ਕਰਕੇ ਸਰੀਰ ਦੀ ਪੜਤਾ ਕਰੀਏ ਤਾਂ ਜਿਸ ਨਾਉਂ ਨਾਲ ਲੋਕਾਂ ਨੂੰ ਪੁਕਾਰਿਆ ਜਾ ਹੈ, ਓਸਦੀ ਕੋਈ ਉਘ ਸੁਘ ਹੀ ਨਹੀਂ ਨਿਕਲਦੀ; ਸਿੱਟਾ ਇਹ ਨਿਕਲਦਾ ਹੈ ਕਿ ਨਾਮ ਅਸਲੂ ਵਿਚ



ਅੰਦਰਲੇ ਦਾ ਹੈ; ਜਿਹੜਾ ਕੋਈ ਇਸ ਸਰੀਰ ਦੇ ਅੰਦਰ ਚੇਤਨ ਪੁਰਖ ਪ੍ਰਤੀਤ ਹੁੰਦਾ ਹੈ ॥ ਉਹ ਚੇਤਨ ਪੁਰਖ ਜੋ ਅੰਦਰਲੀ ਸ਼ਕਤੀ ਹੈ, ਨਾਮ ਦੀ ਬਦਲ ਜਦ ਵਾਜ ਮਾਰੀਏ ਤਾਂ ਅਪਨੇ ਆਪਨੂੰ ਸਾਮਨੇ ਪੇਸ਼ ਕਰਣ ਦਾ ਜਤਨ ਕਰਦੀ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਏਸੇ ਨੂੰ ਹੀ "ਨਾਮੁ" ਸ਼ਬਦ ਨਾਲ ਸਤਿਗੁਰਾਂ ਨੇ ਇਸ਼ਾਰੇ ਨਾਲ ਸੂਚਨ ਕਰਾਇਆ ਹੈ ਅਰਥਾਤ ਨਾਮੁ ਓਸ ਸੁਰਤ ਵੰਤੀ ਅੰਤਰੀਵੀ ਵਸਤੂ ਦਾ ਹੈ ਜਿਸ ਨੂੰ ਆਮ ਭਾਵ ( General sense ) ਵਿਖੇ ਜ਼ਮੀਰ ( Consciousness ) ਜਾਂ ਸੰਬੋਦਨ ਸ਼ਕਤੀ ਭੀ ਆਖਦੇ ਹਨ ॥

ਏਸ ਜੀਵਨ ਸ਼ਕਤੀ ( ਗਯਾਨ ਕਲਾ ) ਦੀ ਖੋਜ ਭਾਲ ਤਿੰਨ ਭਾਂਤ ਦੀ ਹੈ :-ਯੋਗ ਮਾਰਗ ਅਨੁਸਾਰਿਣੀ, ਸਾਂਖ ਮਤ ਪ੍ਰਾਇਣੀ ਤਥਾ ਲੌਕਿਕ ਭਾਵੀ-
ਸੋ ਇਕ ਤਾਂ ਯੋਗ ਮਾਰਗ ਦੀ ਸਾਧਨਾਂ ਰਸਤੇ ਇਸਨੂੰ ਭਾਲਦੇ ਹਨ; ਕਿੰਤੂ ਇਕ ੨ ਚਕ੍ਰ ਦੀ ਸਿੱਧੀ ਕਰਣ ਵਿਖੇ ਕਿਤਨੀਆਂ ਘਾਲਾਂ ਘਾਲਕੇ ਉਪ੍ਰੰਤ, ਚਿਰਕਾਲ ਪਿਛੋਂ ਕੋਈ ਵਿਰਲੇ ਹੀ ਸ਼ਾਯਦ ਜਯੋਂ ਕਾ ਤਯੋਂ ਕਾਰਜ ਸਾਧ ਸਕਦੇ ਹਨ ॥

ਪਰ ਬਹੁਤ ਲੋਕ ਸਾਂਖ ਮਤ ਦਾ ਸਹਾਰਾ ਲੈਣਾ ਇਸ ਕਾਰਜ ਸਿੱਧੀ ਦਾ ਸੁਖੱਲਾ ਰਸਤਾ ਸਮਝਦੇ ਹਨ, ਭਾਵੇਂ ਪੈਂਦਾ ਇਹ ਭੀ ਕਠਿਨ ਹੀ ਹੈ; ਕਯੋਂਕਿ ਸਰੀਰ ਦੀ ਰਚਨਾਂ ਦੇ ਮੂਲ ਕਾਰਣ ਪ੍ਰਕ੍ਰਿਤੀ ਪੁਰਖ ਤਥਾ ਏਨਾਂ ਦ੍ਵਾਰੇ ਉਤਪੰਨ ਹੋਏ ਤੱਤਾਂ ਦਾ ਜਥਾਰਥ ਗਯਾਨ ਨਾਂ ਕੇਵਲ ਸ਼ਾਸਤ੍ਰੀ ਰੀਤੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.